ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਚੋਣ ਸ਼ਾਖਾ)

**ਅਤਿ ਜ਼ਰੂਰੀ**
**ਮਿਤੀ-ਬੱਧ**

ਸੇਵਾ ਵਿਖੇ

ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ।

ਯਾਦ ਪੱਤਰ ਨੰ: 2/3/2007-ਈ.1/ 9212-31
ਚੰਡੀਗੜ੍ਹ,ਮਿਤੀ 22 ਮਾਰਚ, 2007.

ਵਿਸ਼ਾ:- ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੇ ਚੋਣ ਹਲਕੇ ਬਣਾਉਣ ਸਬੰਧੀ।

***

ਰਾਜ ਵਿੱਚ ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀ 5 ਸਾਲਾਂ ਦੀ ਮਿਆਦ ਜੂਨ, 2007 ਵਿੱਚ ਪੂਰੀ ਹੋ ਰਹੀ ਹੈ। ਇਸ ਤਰ੍ਹਾਂ ਇਨ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਆਮ ਚੋਣਾਂ ਨੇੜ-ਭਵਿੱਖ ਵਿੱਚ ਡਿਊ ਹਨ।ਪੰਚਾਇਤ ਸੰਮਤੀਆਂ ਦੇ ਸਾਰੇ ਮੈਂਬਰ ਸਿੱਧੀ ਚੋਣ ਰਾਹੀਂ ਚੁਣੇ ਜਾਣੇ ਹਨ। ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 100 ਅਤੇ 101 ਦੇ ਉਪਬੰਧ ਅਨੁਸਾਰ ਪੰਚਾਇਤ ਸੰਮਤੀਆਂ ਦੇ ਚੋਣ ਹਲਕੇ ਬਣਾਏ ਜਾਣੇ ਹਨ ਅਤੇ ਇਸੇ ਐਕਟ ਦੀ ਧਾਰਾ 163 ਅਤੇ 164 ਦੇ ਉਪਬੰਧ ਅਨੁਸਾਰ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੋਣ ਹਲਕੇ ਬਣਾਏ ਜਾਣੇ ਹਨ। ਮਰਦਮ- ਸ਼ੁਮਾਰੀ, 2001 ਦੇ ਅੰਕੜਿਆਂ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਅਨੁਸਾਰ ਚੋਣ ਹਲਕੇ ਬਣਾਏ ਜਾਣ:-

**ਪੰਚਾਇਤ ਸੰਮਤੀ**

1. ਪੰਚਾਇਤ ਸੰਮਤੀ ਦੇ ਮੈਂਬਰਾਂ ਦੀ ਕੁੱਲ ਗਿਣਤੀ ਘੱਟੋ-ਘੱਟ 15 ਅਤੇ ਵੱਧ ਤੋਂ ਵੱਧ 25 ਹੈ;
2. ਪੰਚਾਇਤ ਸੰਮਤੀ ਦੇ ਹਰ ਚੋਣ ਹਲਕੇ ਦੀ ਆਬਾਦੀ ਲੱਗ-ਭੱਗ 6000 ਤੱਕ ਹੋਵੇ;
3. ਹਰ ਇੱਕ ਚੋਣ ਹਲਕਾ ਇੱਕ-ਮੁੱਠ/ਕੰਪੈਕਟ ਹੋਣਾ ਚਾਹੀਦਾ ਹੈ;
4. ਜਿਥੋਂ ਤੱਕ ਸੰਭਵ ਹੋਵੇ,ਹਰ ਚੋਣ ਹਲਕੇ ਦੀ ਆਬਾਦੀ ਬਰਾਬਰ-ਬਰਾਬਰ ਹੋਵੇ;
5. ਉਕਤ ਐਕਟ ਦੀ ਧਾਰਾ 102 ਦੇ ਤਹਿਤ ਚੋਣ ਹਲਕਿਆਂ ਦਾ ਸ਼੍ਰੇਣੀਵਾਰ ਰਾਖਵਾਂ-ਕਰਨ ਕੀਤਾ ਜਾਣਾ ਹੈ;

**ਜ਼ਿਲ੍ਹਾ ਪ੍ਰੀਸ਼ਦ**

1. ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰਾਂ ਦੀ ਕੁੱਲ ਗਿਣਤੀ ਘੱਟੋ-ਘੱਟ 10 ਅਤੇ ਵੱਧ ਤੋਂ ਵੱਧ 25 ਹੈ। ਜਿਨ੍ਹਾਂ ਜਿਲਾ ਪ੍ਰੀਸ਼ਦਾਂ ਦੀ ਆਬਾਦੀ 5 ਲੱਖ ਤੋਂ ਘੱਟ ਹੈ ਉਨ੍ਹਾਂ ਵਿੱਚ 10 ਮੈਂਬਰਾਂ ਲਈ ਚੋਣ ਹਲਕੇ ਬਣਾਏ ਜਾਣੇ ਅਤੇ ਜਿਹੜੀ ਜਿਲਾ ਪ੍ਰੀਸ਼ਦ ਦੀ ਆਬਾਦੀ

12 ਲੱਖ ਤੋਂ ਉਪਰ ਹੈ ਉਸ ਦੇਂ ਵੱਧ ਤੋਂ ਵੱਧ 25 ਮੈਂਬਰਾਂ ਲਈ ਚੋਣ ਹਲਕੇ ਬਣਾਏ ਜਾਣ;

2. ਜਿਲ੍ਹਾ ਪ੍ਰੀਸ਼ਦ ਦੇ ਹਰ ਚੋਣ ਹਲਕੇ ਦੀ ਆਬਾਦੀ ਲੱਗ-ਭੱਗ 50,000 ਤੱਕ ਹੋਵੇ;
3. ਹਰ ਇੱਕ ਚੋਣ ਹਲਕਾ ਇੱਕ-ਮੁੱਠ/ਕੰਪੈਕਟ ਹੋਣਾ ਚਾਹੀਦਾ ਹੈ;
4. ਜਿਥੋਂ ਤੱਕ ਸੰਭਵ ਹੋਵੇ,ਹਰ ਚੋਣ ਹਲਕੇ ਦੀ ਆਬਾਦੀ ਬਰਾਬਰ-ਬਰਾਬਰ ਹੋਵੇ;
5. ਉਕਤ ਐਕਟ ਦੀ ਧਾਰਾ 165 ਦੇ ਉਪਬੰਧ ਅਨੁਸਾਰ ਚੋਣ ਹਲਕਿਆਂ ਦਾ ਸ੍ਰੇਣੀ-ਵਾਰ ਰਾਖਵਾਂ-ਕਰਨ ਕੀਤਾ ਜਾਣਾ ਹੈ।

ਇਸ ਲਈ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੋਣ ਹਲਕੇ ਬਣਾਉਣ ਸਬੰਧੀ ਤਜਵੀਜ਼ਾਂ (4 ਕਾਪੀਆਂ ਜ਼ੋ ਸਾਫ਼ ਹੋਣ) ਨਾਲ ਨੱਥੀ ਪਰਫਾਰਮੇ ਵਿੱਚ ਮਿਤੀ 31-3-2007 ਤੱਕ ਵਿਸ਼ੇਸ਼ ਦੂਤ ਰਾਹੀਂ ਭੇਜੀਆਂ ਜਾਣ। ਚੋਣ ਹਲਕੇ ਨਕਸ਼ੇ ਵਿੱਚ ਵੱਖਰੇ ਰੰਗਾਂ ਵਿੱਚ ਦਰਸਾਏ ਜਾਣ ਅਤੇ ਨਕਸ਼ਾ ਭੇਜਿਆ ਜਾਵੇ ਤਾਂ ਜੋ ਘੋਖ ਕੀਤੀ ਜਾ ਸਕੇ ਕਿ ਕੀ ਤਜਵੀਜ਼ ਕੀਤੇ ਚੋਣ ਹਲਕੇ ਨਾਲ ਲੱਗਦੇ ਪਿੰਡਾਂ ਦੇ ਬਣਾਏ ਗਏ ਹਨ ਅਤੇ ਹਰ ਚੋਣ ਹਲਕਾ ਨਾਲ ਲੱਗਦੇ ਪਿੰਡਾਂ ਦਾ ਹੀ ਹੈ।

ਪੰਚਾਇਤ ਸੰਮਤੀਆਂ/ਜ਼ਿਲਾ ਪ੍ਰੀਸ਼ਦਾਂ ਵਿੱਚ ਆਉਂਦੀਆਂ ਗਰਾਮ ਸਭਾਵਾਂ/ਪਿੰਡਾਂ ਸਮੇਤ ਹੱਦਬਸਤ ਨੰਬਰ ਦਰਸਾਏ ਜਾਣ।ਇਹ ਵੀ ਸਰਟੀਫਿਕੇਟ ਦਿੱਤਾ ਜਾਵੇ ਕਿ ਹਰ ਇੱਕ ਪੰਚਾਇਤ ਸੰਮਤੀ ਦੇ ਸਮੂਹ ਪਿੰਡ/ਗਰਾਮ ਸਭਾਵਾਂ ਤਜਵੀਜ਼ ਕੀਤੇ ਚੋਣ ਹਲਕਿਆਂ ਵਿੱਚ ਸ਼ਾਮਲ ਹਨ ਅਤੇ ਕੋਈ ਵੀ ਪਿੰਡ ਜਾਂ ਗਰਾਮ ਸਭਾ ਖੇਤਰ ਅਜਿਹਾ ਨਹੀਂ ਹੈ ਜ਼ੋ ਪੰਚਾਇਤ ਸੰਮਤੀ/ਜਿਲਾ ਪ੍ਰੀਸ਼ਦ ਦੇ ਚੋਣ ਹਲਕੇ ਵਿੱਚ ਸ਼ਾਮਲ ਕਰਨ ਤੋਂ ਰਹਿ ਗਿਆ ਹੋਵੇ।

ਇਸ ਮਾਮਲੇ ਨੂੰ ਪਰਮ-ਅਗੇਤ ਦਿੱਤੀ ਜਾਵੇ।

ਨੱਥੀ: 4 ਪੰਨੇ

ਡਾਇਰੈਕਟਰ,ਪੇਂਡੂ ਵਿਕਾਸ
ਅਤੇ ਪੰਚਾਇਤ, ਪੰਜਾਬ।

ਪਿਠ ਅੰਕਣ ਨੰ: 2/3//2007-ਈ1/

ਪੰਚਾਇਤ ਸੰਮਤੀ ਦੇ ਚੋਣ ਹਲਕੇ

| ਲੜੀ ਨੰਬਰ | ਚੋਣ ਹਲਕਾ ਨੰ: ਅਤੇ ਨਾਂ | ਸ਼ਾਮਲ ਗਰਾਮ ਸਭਾਵਾਂ/ਗਰਾਮ ਪੰਚਾਇਤਾਂ ਦਾ ਨਾਂ | ਸ਼ਾਮਲ ਪਿੰਡਾਂ/ਅਬਾਦੀਆਂ ਦਾ ਨੰਬਰ ਅਤੇ ਹੱਦਬਸਤ ਨੰਬਰ | ਕੁੱਲ ਅਬਾਦੀ | ਅ:ਜ:ਅਬਾਦੀ | ਪਛੜੀਆਂ ਸ਼ੇਣੀਆਂ ਦੀ ਅਬਾਦੀ | ਵਿਸ਼ੇਸ਼ ਕਥਨ |
|---|---|---|---|---|---|---|---|
| 1 | 2 | 3 | 4 | 5 | 6 | 7 | 8 |

ਸਰਟੀਫਿਕੇਟ:-

ਤਸਦੀਕ ਕੀਤਾ ਜਾਂਦਾ ਹੈ ਕਿ ਹਰ ਇੱਕ ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਦੇ ਨਕਸ਼ੇ ਵਿੱਚ ਦਰਸਾਏ ਸਾਰੇ ਪਿੰਡ/ਗਰਾਮ ਸਭਾਵਾਂ ਚੋਣ ਹਲਕਿਆਂ ਵਿੱਚ ਸ਼ਾਮਲ ਹਨ ਤੇ ਕੋਈ ਪਿੰਡ/ਗਰਾਮ ਸਭਾ ਖੇਤਰ ਸ਼ਾਮਲ ਕਰਨ ਤੋਂ ਨਹੀਂ ਰਹਿੰਦਾ। ਕੋਈ ਅਜਿਹਾ ਪਿੰਡ/ਗਰਾਮ ਸਭਾ ਸ਼ਾਮਲ ਨਹੀਂ ਹੈ,ਜੋ ਨਗਰ ਕੌਂਸਲ/ਮਿਊਂਸਿਪਲ ਕਾਰਪੋਰੇਸ਼ਨ ਵਿੱਚ ਵੀ ਸ਼ਾਮਲ ਹੋਵੇ।

ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
ਅਧਿਸੂਚਨਾ

ਨੰ: ਪੀ.ਐਸ.ਸੀ.------------------------ਪੰਜਾਬ ਪੰਚਾਇਤੀ ਰਾਜ ਐਕਟ, 1994 (1994 ਦਾ ਪੰਜਾਬ ਐਕਟ 9) ਦੀ ਧਾਰਾ 100 ਦੁਆਰਾ ਪ੍ਰਦਾਨ ਕੀਤੇ ਅਖਤਿਆਰਾਂ ਅਤੇ ਇਸ ਪੱਖੋਂ ਉਨ੍ਹਾਂ ਨੂੰ ਸਮਰੱਥ ਬਣਾਉਂਦੇ ਹੋਰ ਸਾਰੇ ਅਖ਼ਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਹੇਠ ਦਰਸਾਈ ਅਨੁਸੂਚੀ ਦੇ ਖਾਨਾ 2 ਵਿੱਚ ਵਰਨਣ ਕੀਤੇ ਹਲਕੇ ਨੂੰ ਜੋ ਉਕਤ ਅਨੁਸੂਚੀ ਦੇ ਖਾਨਾ 3 ਵਿੱਚ ਦਰਸਾਏ ------------------ਜਿਲੇ ਵਿਚਲੀ ਪੰਚਾਇਤ ਸੰਮਤੀ ਦੇ ਖੇਤਰ ਵਿੱਚ ਹੈ, ਪ੍ਰਸੰਨਤਾ-ਪੂਰਵਕ ਚੋਣ ਖੇਤਰ ਦਰਸਾਏ ਅਧਿਸੂਚਿਤ ਕਰਦੇ ਹਨ:-

ਅਨੁਸੂਚੀ

| ਲੜੀ ਨੰ: | ਇਲਾਕਾਈ ਚੋਣ ਖੇਤਰ ਦਾ ਨਾਂ | ਪੰਚਾਇਤ ਸੰਮਤੀ ਦਾ ਖੇਤਰ | |
|---|---|---|---|
| | | ਖੇਤਰ ਵਿੱਚ ਸ਼ਾਮਲ ਕੀਤੀਆਂ ਗਰਾਮ ਸਭਾਵਾਂ/ਪੰਚਾਇਤਾਂ ਦੇ ਨਾਂ। | ਖੇਤਰ ਵਿੱਚ ਸ਼ਾਮਲ ਕੀਤੇ ਪਿੰਡ/ਆਬਾਦੀਆਂ/ ਹ:ਬ:ਨੰਬਰ |
| 1 | 2 | 3(ੳ) | 3 (ਅ) |

## ਜਿਲਾ ਪ੍ਰੀਸ਼ਦ ਦੇ ਚੋਣ ਹਲਕੇ

| ਲੜੀ ਨੰਬਰ | ਚੋਣ ਹਲਕਾ ਨੰ: ਅਤੇ ਨਾਂ | ਸ਼ਾਮਲ ਗਰਾਮ ਸਭਾਵਾਂ/ਗਰਾਮ ਪੰਚਾਇਤਾਂ ਦੇ ਨਾਂ | ਸ਼ਾਮਲ ਪਿੰਡਾਂ/ਅਬਾਦੀਆਂ ਦਾ ਨੰਬਰ ਅਤੇ ਹੱਦਬਸਤ ਨੰਬਰ | ਕੁੱਲ ਆਬਾਦੀ | ਅਨੁਸੂਚਿਤ ਜਾਤੀਆਂ ਦੀ ਆਬਾਦੀ | ਪਛੜੀਆਂ ਸ਼੍ਰੇਣੀਆਂ ਦੀ ਆਬਾਦੀ | ਵਿਸ਼ੇਸ਼ ਕਥਨ |
|---|---|---|---|---|---|---|---|
| 1 | 2 | 3 | 4 | 5 | 6 | 7 | 8 |

ਸਰਟੀਫਿਕੇਟ:-

ਤਸਦੀਕ ਕੀਤਾ ਜਾਂਦਾ ਹੈ ਕਿ ਹਰ ਇੱਕ ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਦੇ ਨਕਸ਼ੇ ਵਿੱਚ ਦਰਸਾਏ ਸਾਰੇ ਪਿੰਡ/ਗਰਾਮ ਸਭਾਵਾਂ ਚੋਣ ਹਲਕਿਆਂ ਵਿੱਚ ਸ਼ਾਮਲ ਹਨ ਤੇ ਕੋਈ ਪਿੰਡ/ਗਰਾਮ ਸਭਾ ਖੇਤਰ ਸ਼ਾਮਲ ਕਰਨ ਤੋਂ ਨਹੀਂ ਰਹਿੰਦਾ। ਕੋਈ ਅਜਿਹਾ ਪਿੰਡ/ਗਰਾਮ ਸਭਾ ਸ਼ਾਮਲ ਨਹੀਂ ਹੈ,ਜੋ ਨਗਰ ਪੰਚਾਇਤ/ਨਗਰ ਕੌਂਸਲ/ਨਗਰ ਨਿਗਮ ਵਿੱਚ ਵੀ ਸ਼ਾਮਲ ਹੋਵੇ।

# ਪੰਜਾਬ ਸਰਕਾਰ
## ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
## ਅਧਿਸੂਚਨਾ

ਨੰ: ਜਿ:ਪ੍ਰੀ. ______________________ ਪੰਜਾਬ ਪੰਚਾਇਤੀ ਰਾਜ ਐਕਟ, 1994 (1994 ਦਾ ਪੰਜਾਬ ਐਕਟ 9) ਦੀ ਧਾਰਾ 163 ਦੁਆਰਾ ਪ੍ਰਦਾਨ ਕੀਤੇ ਅਖਤਿਆਰਾਂ ਅਤੇ ਇਸ ਪੱਖੋਂ ਉਨ੍ਹਾਂ ਨੂੰ ਸਮਰੱਥ ਬਣਾਉਂਦੇ ਹੋਰ ਸਾਰੇ ਅਖ਼ਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਹੇਠ ਦਰਸਾਈ ਅਨੁਸੂਚੀ ਦੇ ਖਾਨਾ 2 ਵਿੱਚ ਵਰਨਣ ਕੀਤੇ ਹਲਕੇ ਨੂੰ ਜੋ ਉਕਤ ਅਨੁਸੂਚੀ ਦੇ ਖਾਨਾ 3 ਵਿੱਚ ਦਰਸਾਏ ______________ ਜਿਲੇ ਵਿਚਲੀ ਜ਼ਿਲਾ ਪ੍ਰੀਸ਼ਦ ਦੇ ਖੇਤਰ ਵਿੱਚ ਹੈ, ਪ੍ਰਸੰਨਤਾ-ਪੂਰਵਕ ਚੋਣ ਖੇਤਰ ਅਧਿਸੂਚਿਤ ਕਰਦੇ ਹਨ:-

### ਅਨੂਸੂਚੀ

| ਲੜੀ ਨੰ: | ਇਲਾਕਾਈ ਚੋਣ ਖੇਤਰ ਦਾ ਨਾਂ | ਜ਼ਿਲਾ ਪ੍ਰੀਸ਼ਦ ਦਾ ਖੇਤਰ | |
|---|---|---|---|
| | | ਖੇਤਰ ਵਿੱਚ ਸ਼ਾਮਲ ਕੀਤੀਆਂ ਗਰਾਮ ਸਭਾਵਾਂ/ਪੰਚਾਇਤਾਂ ਦੇ ਨਾਂ। | ਖੇਤਰ ਵਿੱਚ ਸ਼ਾਮਲ ਕੀਤੇ ਪਿੰਡ/ਆਬਾਦੀਆਂ/ ਹ:ਬ:ਨੰਬਰ |
| 1 | 2 | 3(ੳ) | 3 (ਅ) |